


# ਵਿਸਾਖੀ ਦਾ ਦਿਹਾੜਾ ਤੇ ਪੰਜ ਪਿਆਰਿਆਂ ਦਾ ਅਦੁੱਤੀ ਸੰਕਲਪ

ਪੰਜਾਬ ਦੇ ਕਲਚਰ, ਮਜ਼ਹਬ ਤੇ ਸਿਆਸਤ ਦੀ ਤਵਾਰੀਖ ਵਿੱਚ ਵੈਸਾਖੀ ਜਾਂ ਵੈਸਾਖ ਮਹੀਨ ਦੀ ਪਹਿਲੀ ਤਾਰੀਖ ਦੀ ਖਾਸ ਜਗ੍ਹਾ ਹੈ। ਵੈਸਾਖੀ ਨਵੇਂ ਸਾਲ ਦੀ ਸ਼ੁਰੂਆਤ ਕਰਦੀ ਹੈ। ਕਣਕਾਂ ਦਾ ਹਰਿਆ ਭਰਿਆ ਰੰਗ ਦਿਨਾਂ 'ਚ ਹੀ ਸੁਨਹਿਰੀ ਰੰਗ 'ਚ ਬਦਲ ਜਾਂਦਾ ਹੈ। ਇਕੱਲੇ ਕਿਸਾਨ ਨੂੰ ਨਹੀਂ ਸਗੋਂ ਇਸ ਅਨਾਜ ਭਰੇ ਹਾੜ੍ਹੀ ਦੇ ਮੌਸਮ ਨਾਲ ਕਿਰਤੀ ਵਰਗ ਤੋਂ ਲੈ ਕੇ ਸ਼ਹਿਰ ਦੇ ਆੜ੍ਹਤੀਏ ਅਤੇ ਸਾਰੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੇ ਹੋਏ ਲੋਕਾਂ ਨੂੰ ਚਾਅ ਵੀ ਹੁੰਦਾ ਹੈ। ਸਰਦੀ ਜਾ ਕੇ ਗਰਮੀ ਆਉਂਦੀ ਹੈ ਤੇ ਮੌਸਮ ਦੀ ਤਬਦੀਲੀ ਆਉਂਦੀ ਹੈ। ਚਾਰੇ ਪਾਸੇ ਨਵੀਂ ਰੁੱਤ ਦਾ ਆਗਾਜ਼ ਹੁੰਦਾ ਹੈ। ਬਾਣੀ 'ਚ ਵੀ ਬਾਰਾਂ ਮਾਂਹ ਦਾ ਜ਼ਿਕਰ ਆਉਂਦਾ ਹੈ:-

**ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥**

ਖੇਤਾਂ 'ਚ ਲਹਿ ਲਹਿਰਾਉਂਦੀਆਂ ਫਸਲਾਂ ਕਿਸਾਨ ਨੂੰ ਖੁਸ਼ੀ ਵਿੱਚ ਝੂਮਣ ਲਾ ਦਿੰਦੀਆਂ ਹਨ। ਕਿਉਂਕਿ ਕਿਸਾਨ ਨੇ ਵੀ ਉਸ ਫਸਲ 'ਤੇ ਹੀ ਕਈ ਆਸਾਂ ਲਾਈਆਂ ਹੁੰਦੀਆਂ। ਇਸ ਬਹਾਰ ਭਰੇ ਮੌਸਮ ਨੂੰ ਧਨੀ ਰਾਮ ਚਾਤ੍ਰਿਕ ਆਪਣੀ ਇੱਕ ਕਵਿਤਾ 'ਚ ਇਵੇਂ ਜ਼ਿਕਰ ਕਰਦਾ ਹੈ:-

**ਆ ਗਿਆ ਵਿਸਾਖ ਚੇਤ ਗਿਆ ਲੰਘ ਏ।**
**ਕਣਕਾਂ ਦਾ ਹੋ ਗਿਆ ਸੁਨਹਿਰੀ ਰੰਗ ਏ।**
**ਬਾਗਾਂ ਉਤੇ ਰੰਗ ਫੇਰਿਆ ਬਹਾਰ ਨੇ।**
**ਬੇਰੀਆਂ ਲਫਾਈਆਂ ਟਹਿਣੀਆਂ ਦੇ ਭਾਰ ਨੇ।**

.........................................

.........................................

**ਕੱਛੇ ਮਾਰ ਵੰਝਲੀ ਅਨੰਦ ਛਾ ਗਿਆ।**
**ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।**

..................................

ਵਿਸਾਖੀ ਦਾ ਦਿਹਾੜਾ ਜਿੱਥੇ ਫਸਲ ਪਖੋਂ ਜਾਂ ਅਨਾਜ ਪਖੋਂ ਤੇ ਮੌਸਮ ਪਖੋਂ ਵਿਸ਼ੇਸ਼ ਥਾਂ ਰੱਖਦਾ ਹੈ ਉਤੇ ਸਿਖ ਤਵਾਰੀਖ ਦੀਆਂ ਬਹੁਤ ਸਾਰੀਆਂ ਘਟਨਾਵਾਂ ਅਤੇ ਜਮਾਨਾ ਬਦਲਣ ਦੇਣ ਵਾਲੀਆਂ ਗੱਲਾਂ ਦੇ ਪਿਛੋਕੜ ਵਿੱਚ ਇਸ ਦਿਨ ਦੀ ਆਪਣੀ ਮਹੱਤਤਾ ਹੈ।

ਅਨੰਦਪੁਰ ਸਾਹਿਬ ਦੀ ਧਰਤੀ ਨੂੰ ਮਾਣ ਪ੍ਰਾਪਤ ਹੈ। ਅਨੰਦਪੁਰ ਦੇ ਨਾਂ 'ਤੇ ਹੀ ਸਾਨੂੰ ਪਤਾ ਲੱਗਦਾ ਹੈ ਅਨੰਦ ਦੀ ਪ੍ਰਾਪਤੀ। ਸੋ ਇਸ ਅਨੰਦਾਂ ਦੀ ਭਰੀ ਧਰਤੀ....

ਇਸ ਧਰਤੀ ਨੂੰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ 9ਵੇਂ ਪਾਤਸ਼ਾਹ ਨੇ ਕਹਿਲੂਰ ਦੇ ਪਹਾੜੀ ਚੰਪਾ ਤੋਂ 500 ਰੁਪਏ ਲੈ ਕੇ 1665 ਈਸਵੀਂ 'ਚ ਵਸਾਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਹਦਾ ਨਾਂ ਜੋ ਆਪਣੀ ਸਤਿਕਾਰਯੋਗ ਮਾਤਾ ਚੱਕ ਨਾਨਕੀ ਰੱਖਿਆ। ਸੋ ਏਸੇ ਹੀ ਧਰਤੀ ਤੇ ਸੰਨ 1699 ਈਸਵੀਂ ਵੈਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਪ੍ਰਗਟ ਕੀਤਾ। ਇਸ ਐਲਾਨ ਨਾਲ ਉਸ ਵਕਤ ਦੀ ਸਿਆਸੀ ਤੇ ਮਜ਼ਹਬੀ ਫਿਲਾਸਫੀ ਦੇ ਰਹਿੰਦ ਖੂੰਹਦ ਨੂੰ ਚੈਲਿੰਜ ਕੀਤਾ। ਸੁਕਰਾਤ, ਪਲੈਟੋ, ਅਰਸਤੂ, ਮੌਕਿਆਵਲੀ, ਚਾਣਕਿਆ, ਮਨੂੰ ਦੀ ਸਿਆਸੀ ਫਿਸਾਸਫੀ ਜੋ ਉਦੋਂ ਜਿੱਥੇ ਬਾਸੀ ਹੋ ਗਈ ਸੀ, ਉਥੇ ਉਹ ਨਾ ਕਾਮਯਾਬ ਵੀ ਹੋ ਨਿਬੜੀ ਸੀ। ਪੰਜਵੇਂ ਪਾਤਸ਼ਾਹ ਸ਼ਹੀਦਾਂ ਦੇ ਸਿਰਤਾਜ ਜੀ ਦੀ ਸ਼ਹਾਦਤ ਤੋਂ ਬਾਦ ਜਦ 6ਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੌਕੇ ਤੇ ਹਾਲਾਤ ਵੇਖਦੇ ਹੋਏ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਤੋਂ ਬਾਦ ਹਾਲਤ ਹੀ ਕੁਝ ਐਸੇ ਹੋ ਗਏ ਸਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹੋਰ ਕੋਈ ਰਾਹ ਨਾ ਦਿਸਦਾ ਵੇਖ ਕੇ ਖਾਲਸਾ ਪ੍ਰਗਟ ਕਰਨ ਦਾ ਮਨ ਬਣਾ ਲਿਆ। ਉਸ ਵਕਤ ਦੁਨਿਆਵੀ ਹਾਕਮਾਂ ਤੇ ਦੁਨਿਆਵੀ ਤਖਤ ਅਜੀਬ ਕਾਰਵਾਈਆਂ ਰੱਤੇ ਹੋਏ ਸਨ। ਇਹ ਕਾਰਵਾਈਆਂ ਗੈਰ ਇਨਸਾਨੀ ਤੇ ਬੇ-ਅਸੂਲੀਆਂ, ਬੇ-ਇਨਸਾਫੀ ਭਰੀਆਂ ਤੇ ਅਣਚਾਹੀਆਂ ਤੇ ਉਸ ਅਕਾਲ ਪੁਰਖ ਵਾਹਿਗੁਰੂ ਤੇ ਸਦੀਵੀ ਹੁਕਮ ਦੇ ਉਲਟ ਸਨ। ਪਾਤਸ਼ਾਹ ਝੂਠਾ ਪਾਤਸ਼ਾਹ ਸੀ, ਸਰਕਾਰ ਝੂਠੀ ਸਰਕਾਰ ਸੀ, ਅਹਿਲਕਾਰ, ਝੂਠੇ ਅਹਿਲਕਾਰ ਸਨ, ਸ਼ਾਹੀ ਹੁਕਮ ਝੂਠੇ ਹੁਕਮ ਸਨ, ਫਰਮਾਨ ਝੂਠੇ ਫਰਮਾਨ ਸਨ, ਤਖਤ ਝੂਠੇ ਤਖਤ ਸਨ, ਸੱਚ ਕੀ ਸੀ? ਹਕੀਕਤ ਕੀ ਸੀ? ਅਕਾਲ ਪੁਰਖ ਦਾ ਹੁਕਮ ਕੀ ਸੀ? ਇਹ ਸਾਰੇ ਵਿੱਚੋਂ ਅਪੋਲ ਸਨ।



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵੱਡੇ ਵਡੇਰਿਆਂ ਜੋ ਬਾਬਾ ਨਾਨਕ ਜੀ ਤੋਂ ਲੈ ਕੇ 9ਵੇਂ ਪਾਤਸ਼ਾਹ ਤੱਕ ਜੋ ਵਤੀਰਾ ਜਾਂ ਜੋ ਜਬਰ ਜ਼ੁਲਮ ਸਮਕਾਲੀ ਹਕੂਮਤਾਂ ਵਲੋਂ ਹੁੰਦਾ ਆਇਆ ਸੀ। ਸਭ ਧਿਆਨ ਗੋਚਰੇ ਰੱਖਦੇ ਹੋਏ ਉਹਨਾਂ ਸਿਧਾਂਤਾਂ ਨੂੰ ਪਰਪੱਕ ਰੂਪ 'ਚ ਸਿਰਜਿਆ ਤੇ ਸਥਾਪਤ ਕੀਤਾ ਜੋ ਬੀਜ ਰੂਪ 'ਚ ਆਪ ਜੀ ਨੂੰ ਵਿਰਾਸਤ ਵਿੱਚੋਂ ਮਿਲੇ ਸਨ। ਉਹਨਾਂ ਸਿਧਾਂਤਾਂ ਨੂੰ ਅਸੀਂ ਮੁੱਖ ਰੂਪ ਵਿੱਚ ਹੇਠ ਲਿਖੇ ਅਨੁਸਾਰ ਦਰਸਾ ਸਕਦੇ ਹਾਂ।

**1. ਸ਼ਕਤੀ ਦਾ ਵਿਕੇਂਦਰੀਕਰਨ**
**2. ਲੋਕਤੰਤਰੀ ਢਾਂਚੇ ਦੀ ਸਥਾਪਨਾ**
**3. ਭਗਤੀ ਤੇ ਸ਼ਕਤੀ ਦਾ ਸੁਮੇਲ**



**4. ਸਭਿਆਚਾਰਕ ਸੁਤੰਤਰਤਾ ਦਾ ਅਦਰਸ਼**
**5. ਨੈਤਿਕਤਾ ਤੇ ਜ਼ੋਰ**

ਖਾਲਸਾ ਸਾਜਨਾ ਦੀ ਇਸ ਰੂਹਾਨੀ ਘਟਨਾ ਨੇ ਸੰਸਾਰ ਭਰ ਦੇ ਇਤਿਹਾਸ ਨੂੰ ਪ੍ਰਭਾਵਿਤ ਕੀਤਾ। ਇਸ ਘਟਨਾ ਨੇ ਇੱਕ ਵਖਰੀ ਤਰ੍ਹਾਂ ਦੇ ਸਮਾਜ ਅਤੇ ਸਭਿਆਚਾਰ ਨੂੰ ਜਨਮ ਦਿੱਤਾ। ਇਸ ਘਟਨਾ ਦਾ ਉਦੇਸ਼ ਗੁਰੂ ਜੀ ਨੇ ਆਪਣੇ ਬਾਣੀ ਬਚਿੱਤਰ ਨਾਟਕ ਵਿੱਚ ਇਉਂ ਕੀਤਾ ਹੈ:-

**ਧਰਮ ਚਲਾਵਨ ਸੰਤ ਉਚਾਰਨ ॥**
**ਦੁਸ਼ਟ ਸਭਨ ਕੋ ਮੂਲ ਉਪਰਾਨਿ ॥**

ਖਾਲਸਾ ਸਾਜਨ ਦੀ ਘਟਨਾ ਦੌਰਾਨ ਗੁਰੂ ਜੀ ਨੇ ਦ੍ਰਿੜ੍ਹਤਾ ਅਤੇ ਦਲੇਰੀ ਦੀ ਪਰਖ ਕੀਤੀ। ਧਰਮ ਚਲਾਉਣ ਲਈ ਅਤੇ ਧਰਮ ਦੀ ਰਾਖੀ ਕਰਨ ਲਈ ਇਹਨਾਂ ਚੋਹਾਂ ਗੁਣਾਂ ਦੀ ਲੋੜ ਸੀ। ਬਦੀ ਨਾਲ ਟਾਕਰਾ ਕਰਨ ਲਈ ਇੱਕ ਅਜਿਹੇ ਪੰਥ ਦੀ ਲੋੜ ਸੀ ਜੋ ਨਿਰਮਲ ਵੀ ਹੋਵੇ ਅਤੇ ਸ਼ਕਤੀਸ਼ਾਲੀ ਵੀ ਹੋਵੇ। ਇਤਿਹਾਸ ਦੀ ਇਸ ਸਿਰਜਣਾ ਨੇ ਸੰਤ ਸਿਪਾਹੀਆਂ ਦੀ ਇਕ ਅਜਿਹੀ ਫੌਜ ਨੂੰ ਤਿਆਰ ਕੀਤਾ, ਜਿਸ ਨੇ ਸਵਾ ਲਾਖ ਸੇ ਏਕ ਲੜਾਊ ਦੇ ਇਰਾਦੇ ਨੂੰ ਅਮਲੀ ਜਾਮਾ ਪਹਿਨਾ ਦਿੱਤਾ। ਆਮ ਬੰਦੇ 'ਚ ਗੁਰੂ ਜੀ ਨੇ ਏਨੀ ਦਲੇਰੀ ਭਰ ਦਿੱਤੀ ਕਿ ਉਹ ਡਰ ਤੋਂ ਰਹਿਤ ਹੋ ਗਏ। ਇਸ ਘਟਨਾ ਨੇ ਜਾਤ-ਪਾਤ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਦਿੱਤਾ।

ਇਹ ਕੁਦਰਤ ਦਾ ਕ੍ਰਿਸ਼ਮਾ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ ਕਿ ਜਿਨ੍ਹਾਂ ਪੰਜ ਪਿਆਰਿਆਂ ਦੀ ਸਾਜਨਾ ਕੀਤੀ ਉਹਨਾਂ ਦੇ ਨਾਲ ਦੀ ਸਿੱਖੀ ਸਿਧਾਂਤ ਦੇ ਸਾਰੇ ਅਸੂਲ ਕੁਦਰਤੀ ਤੌਰ 'ਤੇ ਜੁੜੇ ਹਨ। ਪੰਜ ਪਿਆਰੇ ਜਿਵੇਂ:-

**1. ਭਾਈ ਦਯਾ ਸਿੰਘ ਜੀ**
**2. ਭਾਈ ਧਰਮ ਸਿੰਘ ਜੀ**
**3. ਭਾਈ ਹਿੰਮਤ ਸਿੰਘ ਜੀ**
**4. ਭਾਈ ਮੋਹਕਮ ਸਿੰਘ ਜੀ**
**5. ਭਾਈ ਸਾਹਿਬ ਸਿੰਘ ਜੀ**

ਪੰਜ ਪਿਆਰਿਆਂ ਦੇ ਨਾਮਾਂ ਨਾਲ ਸਿੱਖੀ ਦੇ ਬੁਨਿਆਦੀ ਅਸੂਲ ਇਸ ਪ੍ਰਕਾਰ ਹਨ-ਸਿਖ ਧਰਮ 'ਚ ਸਭ ਤੋਂ ਪਹਿਲ ਪਹਿਲਾਂ ਦਿਆ ਨੂੰ ਦਿੱਤੀ ਗਈ ਹੈ। ਪਹਿਲਾਂ ਕਿਸੇ ਤੇ ਵਾਰ ਨਹੀਂ ਕਰਦੇ। ਜਬ ਬਾਣ ਲਾਗੇ ਤਬ ਰੋਸ ਜਾਗੇ। ਫਿਰ ਇਹ ਕਿਸੇ ਨੂੰ ਬਖਸ਼ਦੇ ਨਹੀਂ ਤੇ ਦੂਜਾ ਧਰਮ 'ਚ ਇਹ ਸਿਖ ਪ੍ਰੱਕ ਹੁੰਦੇ ਹਨ। ਇਹਨਾਂ ਨੂੰ ਰਹਿਤ ਹੀ ਪਿਆਰੀ ਹੁੰਦੀ ਹੈ। ਰਹਿਤ ਪਿਆਰੀ ਮੁਝਕੋ ਜਾਂ ਫਿਰ ਧੌਲ ਧਰਮ ਦਿਆ ਕਾ ਪੂਤ। ਤੀਜਾ ਉਹ ਗੁਰੂ ਦਾ ਸਿੱਖ ਕਹਿਲਾਉਣ ਦਾ ਹੱਕਦਾਰ ਨਹੀਂ ਜੋ ਅੰਮ੍ਰਿਤ ਵੇਲੇ ਉਠ ਕੇ ਬਾਣੀ ਦਾ ਪਾਠ ਜਾਂ ਸਿਮਰਨ ਨਹੀਂ ਕਰਦਾ। ਇੱਕ ਗੁਰੂ ਜੀ ਦੇ ਸਿੱਖ 'ਚ ਹਿੰਮਤ ਦਾ ਹੋਣਾ ਬਹੁਤ ਜ਼ਰੂਰੀ ਹੈ। ਚੌਥਾ ਮੋਹਕਮ ਦਾ ਮਾਰਗ ਮੁਕਤੀ ਨੂੰ ਪ੍ਰਾਪਤ ਕਰਨਾ। ਜੇ ਇਸ ਮਾਰਗ ਦਾ ਪਾਂਧੀ ਬਣਨਾ ਹੈ ਤਾਂ ਸਿਰ ਦੇਣ ਲੱਗਿਆ ਕਿਰਸ ਵੀ ਨਹੀਂ ਕਰਨੀ:-

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰ ਦੀਜੈ ਕਾਣਿ ਨਾ ਕੀਜੈ ॥**

(ਪੰਨਾ - 1412)

ਅਤੇ ਪੰਜਵਾਂ ਨਾ ਜੋ ਭਾਈ ਸਾਹਿਬ ਸਿੰਘ ਜੀ ਹੋਏ ਹਨ। ਉਹਨਾਂ ਦੇ ਨਾਂ ਨਾਲ ਵੀ ਇਹੀ ਵਿਸ਼ੇਸ਼ਤਾ ਹੈ ਕਿ ਗੁਰੂ ਕਾ ਸਿੰਘ ਹਜ਼ਾਰਾਂ ਵਿੱਚੋਂ ਝਟ ਹੀ ਪਛਾਣਿਆ ਜਾ ਸਕਦਾ ਹੈ। ਗੁਰੂ ਜੀ ਦਾ ਸਿੱਖ ਸਾਹਿਬ ਦੀ ਤਰ੍ਹਾਂ ਪੰਜੇ ਕਾਕਾਰ ਪਾ ਕੇ ਸਜ ਧੱਜ ਕੇ ਰਹਿੰਦਾ ਹੈ।

ਸੋ ਇਸ ਤਰ੍ਹਾਂ ਪੰਜਾਬ ਦੇ ਇਤਿਹਾਸ ਵਿਚ ਇਹ ਨਿਵੇਕਲੀ ਹੀ ਪਹਿਚਾਣ ਹੀ ਸਿੱਖ ਪੰਥ ਦੀ ਹੋਈ ਕਹਿ ਸਕਦੇ ਹਾਂ। ਸੋ ਇਸ ਤੋਂ ਇਲਾਵਾ ਵੈਸਾਖੀ ਦਾ ਦਿਹਾੜਾ 13 ਅਪਰੈਲ 1919 ਨੂੰ ਜਦ ਜਨਰਲ ਡਾਇਰ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਤਾਂ ਵੀ ਜਾਣਿਆ ਜਾਂਦਾ ਹੈ। ਇਸ ਤੋਂ ਪਹਿਲਾਂ 1733 ਵਿੱਚ ਵੈਸਾਖੀ ਦੇ ਦਿਹਾੜੇ ਦੀ ਸਿੱਖਾਂ ਨੂੰ ਜਗੀਰਾਂ ਦੀ ਪੇਸ਼ਕਸ਼ ਇਸੇ ਦਿਨ ਹੀ ਹੋਈ। ਫਿਰ 1747 ਵਿੱਚ ਸਿੱਖਾਂ ਨੂੰ ਜਥਿਆਂ ਦੇ ਰੂਪ ਵਿਚ ਜਥੇਬੰਦ ਵੀ ਵੈਸਾਖੀ ਵਾਲੇ ਦਿਨ ਕੀਤਾ ਗਿਆ। 1748 ਈ. ਨੂੰ ਇਹ ਫੈਸਲਾ ਅਕਾਲ ਤਖਤ 'ਤੇ ਹੀ ਲਿਆ ਗਿਆ ਤੇ ਖਾਲਸੇ ਨੂੰ ਵੱਖ-ਵੱਖ 11 ਮਿਸਲਾਂ ਦੇ ਰੂਪ 'ਚ ਵੰਡ ਲਿਆ ਗਿਆ ਜਾਵੇ ਉਦੋਂ ਵੀ ਵੈਸਾਖੀ ਦਾ ਦਿਹਾੜਾ ਹੀ ਸੀ। ਫਿਰ 1780 ਦੀ ਵੈਸਾਖੀ ਦੇ ਹੀ ਦਿਹਾੜੇ ਲਹੌਰ 'ਤੇ ਹਮਲਾ ਕਰਨ ਦਾ ਵੱਖ-ਵੱਖ ਮਿਸਲਾਂ ਨੇ ਮਤਾ ਪਾਸ ਕੀਤਾ। ਸੰਨ 1763 ਈ. ਨੂੰ ਵੈਸਾਖੀ ਦੇ ਦਿਹਾੜੇ ਇੱਕ ਬ੍ਰਾਹਮਣ ਦੀ ਫਰਿਆਦ 'ਤੇ ਕਸੂਰ ਦੇ ਹਾਕਮ ਨੂੰ ਸੋਧਣ ਦਾ ਮਤਾ ਪਾਸ ਹੋਇਆ। 1947 ਈਸਵੀਂ ਦੀ ਵੈਸਾਖੀ ਦੇ ਦਿਨ ਹੀ ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ ਵਿੱਚ 280 ਜਥੇਦਾਰਾਂ ਦੇ ਇੱਕ ਇਕੱਠ ਨੇ ਅਕਾਲ ਤਖਤ 'ਤੇ ਇਕੱਠੇ ਹੋ ਕੇ ਗੁਰੂਧਾਮਾਂ ਦੀ ਰਾਖੀ ਵਾਸਤੇ ਹਥਿਆਰਬੰਦ ਪ੍ਰਬੰਧ ਕਰਨ ਤੇ ਜਾਨ ਤੱਕ ਵਾਰਨ ਵਾਸਤੇ ਮਤਾ ਪਾਸ ਵੀ ਇਸੇ ਦਿਨ ਹੀ ਕੀਤਾ।

1978 ਦੀ ਵੈਸਾਖੀ ਵਾਲੇ ਦਿਨ ਹੀ ਨਿਰੰਕਾਰੀਆਂ ਹੱਥੋਂ 13 ਸਿੰਘ ਸ਼ਹੀਦ ਹੋਏ। ਸੋ ਇਸ ਤਰ੍ਹਾਂ ਇਹ ਵੈਸਾਖੀ ਦਾ ਦਿਨ ਤੇ ਪੰਜ ਪਿਆਰੇ ਤੇ ਸਿੱਖ ਜਗਤ ਵਿੱਚ ਵਿਸ਼ੇਸ਼ ਸਥਾਨ ਰੱਖਦੇ ਹਨ:-

**ਨੀਂਹ ਰੱਖੀ ਗਈ ਸਿੱਖੀ ਦੀ ਸੀਸ ਉਤੇ**
**ਇਹ ਦੁਨੀਆ ਸਾਰੀ ਜਾਣਦੀ ਏ।**
**ਜਿਸ ਗੋਦੜੀ ਨੇ ਕੀਤੇ ਲਾਲ ਪੈਦਾ,**
**ਸਿਖੀ ਗੋਦੜੀ ਦਾ ਨਿੱਘ ਮਾਣਦੀਏ।**
**ਸਿੱਖ ਸੂਰਮੇ ਕਦੇ ਨਾ ਪਿਠ ਦਿੱਤੀ,**
**ਘੜੀ ਆਈ ਜਦੋਂ ਆਨ ਤੇ ਸ਼ਾਨ ਦੀ ਏ।**
**ਝੰਡੇ ਝੂਲਦੇ ਰਹਿਣਗੇ ਜੱਗ ਉਤੇ,**
**'ਜੱਖੂ' ਗੱਲ ਇਹ ਵੱਖਰੀ ਪਹਿਚਾਣ ਦੀ ਏ।**